# RAF SECTOR

## NEWS CLIP

17/10/2023

**SERVING HUMANITY WITH SENSITIVE POLICING**

**Prabhatkhabar, Jamshedpur,(JKD)**

रैपिड एक्शन फोर्स की 106वीं बटालियन ने बच्चों को किया जागरूक, रैफ 106 बटालियन के सहायक कमांडर मुकेश ने कहा-

# बेटियां अशिक्षित न रहे, इसका सभी को करना होगा प्रयास

भास्कर न्यूज़ | जामताड़ा

रैपिड एक्शन फोर्स की टीम द्वारा जेबीसी प्लस टू विद्यालय जामताड़ा में छात्र-छात्राओं के बीच बेटी बचाओ, बेटी पढ़ाओ तथा नशा मुक्ति को लेकर जागरूक किया। 106 बटालियन के सहायक कमांडेंट मुकेश कुमार के मार्गदर्शन में यह कार्यक्रम आहूत की गई। जहां विद्यालय के प्राचार्य सुशील कुमार मरांडी समेत अन्य शिक्षक मौजूद थे। जहां मुकेश कुमार ने स्कूल के बच्चे बच्चियों को बेटी बचाओ और बेटी पढ़ाओ को लेकर जागरूक किया। साथ ही नशा मुक्ति को लेकर भी कई प्रकार की जानकारियां दी गई कार्यक्रम के दौरान उन्होंने बताया कि बेटी बचाना और पढ़ना दोनों बहुत जरूरी है। आज की लड़कियां किसी भी क्षेत्र में काम करने के लिए किसी से पीछे नही है। उनको सिर्फ रास्ता दिखाने की आवश्यकता है। इसलिए उन सभी बेटियों को पढ़ना अति आवश्यक है ताकि कोई भी बेटी अनपढ़ न रह सके। कार्यक्रम के अंत में विद्यालय परिसर में पौधरोपण कार्यक्रम भी किया गया।





कार्यक्रम में मौजूद पदाधिकारी व छात्र छात्राएं

## बच्चों ने पूछा एके 47 कैसे काम करता है

रैपिड एक्शन असिस्टेंट कमांडर मुकेश कुमार छात्र छात्राओं को फोर्स में आने के लिए प्रोत्साहित किया। दंगा वाली जगहों पर विधि व्यवस्था का पालन करवाना महत्वपूर्ण होता है। दंगा भड़कने पर प्रथम मेकिंग से चेतावनी दी जाती है। दंगाई नहीं मानने पर आंसू के गले, पानी के बौछार, शॉर्ट सर्किट की प्रयोग किया जाता है। उत्पात करने वाली दंगाई के पैरों पर गोली चलाई जाती है जिससे भागते हुए अपराधी को पकड़ा जा सके। छात्र-छात्राओं को फोर्स के हथियार गण के बारे में विस्तार से जानकारी दी गई। किस हथियार को कब इस्तेमाल करना है। कितनी रेंज होती है, कैसे चलाई जाती है, वजन, अत्याधुनिक हथियार में सबसे अधिक प्रभावशाली कितने गण हैं। वहीं एके-47 गन के बारे में बच्चों ने कई सवाल किया और उनके सवालों के जवाब प्रकार संतुष्ट हुए।

## मॉक ड्रिल के माध्यम से बताया दंगा नियंत्रण का तरीका

मॉक ड्रिल भी कराया गया जिसमें दंगाई भड़काने वाले जैकेट पहनने के बाद पुलिस कैसे दंगाई के बीच में जाकर कार्रवाई करती हैं, आगजनी करने वाले लोगों को रोकना, लॉ इन ऑर्डर को दोबारा बहाल करना फोर्स की जिम्मेदारियां रहती है। फोर्स में भर्ती लेने के लिए कैसे आवेदन कर सकते हैं किन-किन योग्यताओं, किस महीने में लिखित एवं फिजिकल ली जाती है। अभ्यर्थी की फिजिकल स्टेटस क्या होनी चाहिए लंबाई सीना, दौड़, हाई जंप, लॉन्ग जंप किन-किन बातों पर ध्यान रखना है बताया गया। मौके पर एवीमाइल टुडू, नेपाल चंद्र दत्त, दिवाकर मंडल सहित शिक्षक उपस्थित थे।

Dainik Bhaskar, Tiripuri, (Punjab)

# ਰੈਪਿਡ ਐਕਸ਼ਨ ਫੋਰਸ ਤੇ ਪੁਲਸ ਨੇ ਫਲੈਗ ਮਾਰਚ ਦੌਰਾਨ ਸ਼ਹਿਰਵਾਸੀਆਂ ਨੂੰ ਦਿੱਤਾ ਸੁਰੱਖਿਆ ਦਾ ਭਰੋਸਾ

ਪਟਿਆਲਾ, 15 ਅਕਤੂਬਰ (ਬਲਜਿੰਦਰ) : ਰੈਪਿਡ ਐਕਸ਼ਨ ਫੋਰਸ ਦੀ ਬਟਾਲੀਅਨ ਏ/194 ਅਤੇ ਪਟਿਆਲਾ ਪੁਲਸ ਨੇ ਮਿਲ ਕੇ ਲਗਾਤਾਰ ਚੌਥੇ ਦਿਨ ਪੁਲਸ ਥਾਣਾ ਅਨਾਜ ਮੰਡੀ ਅਤੇ ਥਾਣਾ ਤ੍ਰਿਪੜੀ ਅਧੀਨ ਆਉਂਦੇ ਖੇਤਰਾਂ 'ਚ ਫਲੈਗ ਮਾਰਚ ਕੀਤਾ। ਸਹਾਇਕ ਕਮਾਂਡੈਂਟ ਮਹਿੰਦਰ ਯਾਦਵ ਅਤੇ ਥਾਣਾ ਤ੍ਰਿਪੜੀ ਦੇ ਐੱਸ. ਐੱਚ. ਓ. ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਦੀ ਅਗਵਾਈ 'ਚ ਰੈਪਿਡ ਐਕਸ਼ਨ ਫੋਰਸ ਦੀ ਟੀਮ ਨੇ ਥਾਣਾ ਮੁਖੀਆਂ ਨਾਲ ਮੁਲਾਕਾਤ ਕੀਤੀ ਅਤੇ ਖੇਤਰ ਸਬੰਧੀ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਆਰ. ਏ. ਐੱਫ. ਅਤੇ ਪੁਲਸ ਵੱਲੋਂ ਮਿਲ ਕੇ ਸ਼ਹਿਰ ਦੇ ਥਾਣਾ ਤ੍ਰਿਪੜੀ ਤੇ ਅਨਾਜ ਮੰਡੀ ਦੇ ਖੇਤਰ ਜਿਸ 'ਚ ਫੋਕਲ ਪੁਆਇੰਟ, ਮੰਨ ਮਾਰਕੀਟ, ਵਿਕਾਸ ਨਗਰ, ਦੀਪ ਨਗਰ, ਰਣਜੀਤ ਨਗਰ 'ਚ ਫਲੈਗ ਮਾਰਚ ਕੀਤਾ ਗਿਆ।



ਰੈਪਿਡ ਐਕਸ਼ਨ ਫੋਰਸ ਅਤੇ ਪੁਲਸ ਵੱਲੋਂ ਕੱਢੇ ਫਲੈਗ ਮਾਰਚ ਦੀ ਅਗਵਾਈ ਕਰਦੇ ਐੱਸ. ਐੱਚ. ਓ. ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ। (ਜੁਆਇੰਟ)

ਇਸ ਦੌਰਾਨ ਥਾਣਿਆਂ ਦੇ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਇਲਾਕਿਆਂ ਦਾ ਦੌਰਾ ਕਰ ਕੇ ਸਾਰੀ ਜਾਣਕਾਰੀ ਹਾਸਲ ਕੀਤੀ ਗਈ ਅਤੇ ਇਲਾਕੇ ਦੇ ਹੋਰ ਨਾਗਰਿਕਾਂ/ਸਮਾਜ ਸੇਵੀਆਂ ਅਤੇ ਪਤਵੰਤਿਆਂ ਨਾਲ ਗੱਲਬਾਤ ਕਰ ਕੇ ਖੇਤਰ 'ਚ ਪਹਿਲਾਂ ਹੋਈਆਂ ਘਟਨਾਵਾਂ ਸਬੰਧੀ ਜਾਣਕਾਰੀ ਲਈ ਗਈ। ਇਸ ਮੌਕੇ ਸਹਾਇਕ ਕਮਾਂਡੈਂਟ ਮਹਿੰਦਰ ਯਾਦਵ ਨੇ ਦੱਸਿਆ ਕਿ ਇਸ ਅਭਿਆਸ ਦੇ ਦੌਰਾਨ ਥਾਣਾ ਖੇਤਰਾਂ 'ਚ ਸੰਵੇਦਨਸ਼ੀਲ ਥਾਵਾਂ ਦੀ ਪਹਿਚਾਣ ਕੀਤੀ ਗਈ ਹੈ ਤਾਂ ਜੋ ਕਿਸੇ ਵੀ ਤਣਾਅ ਦੇ ਹਾਲਤਾਂ ਨਾਲ ਨਜਿੱਠਣ ਲਈ ਕਾਰਗਰ ਨੀਤੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਇਸ ਅਭਿਆਸ ਦਾ ਮੁੱਖ ਉਦੇਸ਼ ਪੁਲਸ, ਰੈਪਿਡ ਐਕਸ਼ਨ ਫੋਰਸ ਅਤੇ ਆਮ ਵਿਅਕਤੀ 'ਚ ਤਾਲਮੇਲ ਸਥਾਪਤ ਕਰਨਾ ਹੈ, ਜਿਸਦੇ ਨਾਲ ਕਿ ਭਵਿੱਖ ਦੀ ਸੰਭਾਵਿਕ ਚੁਨੌਤੀਆਂ ਨਾਲ ਨਜਿੱਠਿਆ ਜਾ ਸਕੇ। ਇਸ ਅਭਿਆਸ ਦੇ ਦੌਰਾਨ 194 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਦੇ ਇੰਸਪੈਕਟਰ ਰਣ ਸਿੰਘ ਯਾਦਵ, ਇੰਸਪੈਕਟਰ ਯੋਗੇਂਦਰ ਬਸੀਠਾ, ਪੁਲਸ ਥਾਣਾ ਅਨਾਜ ਮੰਡੀ ਦੇ ਐੱਸ. ਐੱਚ. ਓ. ਜਸਪ੍ਰੀਤ ਸਿੰਘ ਤੇ ਥਾਣਾ ਤ੍ਰਿਪੜੀ ਦੇ ਐੱਸ. ਐੱਚ. ਓ. ਇੰਸਪੈਕਟਰ ਪ੍ਰਦੀਪ ਸਿੰਘ ਬਾਜਵਾ ਸਮੇਤ ਰੈਪਿਡ ਐਕਸ਼ਨ ਫੋਰਸ ਅਤੇ ਪੁਲਸ ਮੁਲਾਜ਼ਮ ਵੀ ਹਾਜ਼ਰ ਸਨ।

Dainik Bhaskar, Patiala, (Punjab)

# आरएएफ ने शहर में फ्लैग मार्च निकाला

भास्कर न्यूज | पटियाला




रैपिड एक्शन फोर्स के द्वारा महेंद्र यादव (सहा. कमांडेंट) के नेतृत्व में परिचित अभ्यास के क्रम में तीसरे दिन पुलिस थाना लाहौरी गेट व थाना सिविल लाइन के थाना प्रभारी से मुलाकात की और थाना क्षेत्रों के संबंध में विभिन्न अहम जानकारियां हासिल की। इसके साथ ही रैपिड एक्शन फोर्स की टीम और पुलिस ने साथ मिलकर लाहौरी गेट, सनौरी अड्डा गुरबख्श कालोनी, राजपुरा कॉलोनी व थाना सिविल लाइन के क्षेत्रों में फ्लैग मार्च किया। इस दौरान थाना क्षेत्र के संवेदनशील व अति संवेदनशील इलाकों का भ्रमण किया व थाना क्षेत्र के बारे में पूर्ण जानकारी हासिल की गई। इलाके के वरिष्ठ नागरिकों व गणमान्य व्यक्तियों से मेल मिलाप कर पूर्व में घटित हुए अन्य गतिविधियों के बारे में विस्तार से जानकारी हासिल की। इसके अलावा आमजन से भविष्य में संभावित घटनाएं के बारे में व अन्य गतिविधियों के बारे में भी जानकारी हासिल की। महेंद्र यादव ने बताया कि फ्लैग मार्च का उद्देश्य क्षेत्र में सामाजिक सौहार्द बनाए रखना, जनता में वर्दी के प्रति विश्वास बढ़ाना व जनता को भयमुक्त करने के साथ महिला सशक्तिकरण को बढ़ावा देना, लोगों का मनोबल बढ़ाने एवं क्षेत्र में नागरिकों को कर्तव्यों को निर्वाह करने के लिए प्रेरित करना है। इस दौरान 194 बटालियन रैपिड एक्शन फोर्स के निरीक्षक रणसिंह यादव, निरीक्षक योगेन्द्र बसीठा, पुलिस थाना लाहौरी गेट थाना प्रभारी निरीक्षक सिविल लाइन ने 194 बटालियन रैपिड एक्शन फोर्स सहित फ्लैग मार्च में हिस्सा लिया।

Patiala bani, Patiala, (Punjab)

# ਰੈਪਿਡ ਐਕਸ਼ਨ ਫੋਰਸ ਨੇ ਸ਼ਹਿਰ ਵਾਸੀਆਂ ਨੂੰ ਡਰ-ਮੁਕਤ ਤੇ ਮਜ਼ਬੂਤ ਸੁਰੱਖਿਤ ਮਾਹੌਲ ਦਾ ਭਰੋਸਾ ਦੇਣ ਲਈ ਕੱਢਿਆ ਫਲੈਗ ਮਾਰਚ

ਪਟਿਆਲਾ, 14 ਅਕਤੂਬਰ (ਬਲਜਿੰਦਰ)-ਪਟਿਆਲਾ ਸ਼ਹਿਰ 'ਚ ਆਪਣੀ ਤੀਜੇ ਦਿਨ ਦੀ ਠਾਹਰ ਦੌਰਾਨ ਰੈਪਿਡ ਐਕਸ਼ਨ ਫੋਰਸ ਦੀ ਬਟਾਲੀਅਨ ਏ/194 ਨੇ ਸਹਾਇਕ ਕਮਾਂਡੈਂਟ ਮਹਿੰਦਰ ਯਾਦਵ ਦੀ ਅਗਵਾਈ ਹੇਠ ਜਾਣ-ਪਛਾਣ ਅਭਿਆਸ ਦੇ ਹਿੱਸੇ ਵਜੋਂ ਥਾਣਾ ਲਾਹੌਰੀ ਗੇਟ ਅਤੇ ਥਾਣਾ ਸਿਵਲ ਲਾਈਨ ਦੇ ਸਟੇਸ਼ਨ ਇੰਚਾਰਜ ਨਾਲ ਮੁਲਾਕਾਤ ਕੀਤੀ ਤੇ ਵੱਖ-ਵੱਖ ਜ਼ਰੂਰੀ ਜਾਣਕਾਰੀ ਪ੍ਰਾਪਤ ਕੀਤੀ। ਰੈਪਿਡ ਐਕਸ਼ਨ ਫੋਰਸ ਦੀ ਟੀਮ ਅਤੇ ਪੁਲਸ ਨੇ ਮਿਲ ਕੇ ਲਾਹੌਰੀ ਗੇਟ, ਸਨੌਰੀ ਅੱਡਾ, ਗੁਰਬਖਸ ਕਾਲੋਨੀ, ਰਾਜਪੁਰਾ ਕਾਲੋਨੀ ਅਤੇ ਥਾਣਾ ਸਿਵਲ ਲਾਈਨ ਦੇ ਇਲਾਕਿਆਂ 'ਚ ਫਲੈਗ ਮਾਰਚ ਵੀ ਕੱਢਿਆ।

ਇਸ ਦੌਰਾਨ ਪੁਲਸ ਥਾਣਾ ਖੇਤਰ ਦੇ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਇਲਾਕਿਆਂ ਦਾ ਦੌਰਾ ਕਰਦਿਆਂ ਪੁਲਸ ਥਾਣਾ ਖੇਤਰ ਦੀ ਪੂਰੀ ਜਾਣਕਾਰੀ ਹਾਸਲ ਕੀਤੀ, ਨਾਲ ਹੀ ਸੀਨੀਅਰ ਸਿਟੀਜ਼ਨਜ/ਸਮਾਜਿਕ ਵਰਕਰਾਂ ਅਤੇ ਇਲਾਕੇ ਦੇ ਪਤਵੰਤਿਆਂ ਨਾਲ ਗੱਲਬਾਤ ਕਰ ਕੇ ਪਿਛਲੇ ਸਮੇਂ ਦੌਰਾਨ ਵਾਪਰੀਆਂ ਵੱਖ-ਵੱਖ ਘਟਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਭਵਿੱਖ 'ਚ ਸੰਭਾਵਿਤ ਕੁਚਾਲ ਅਤੇ ਹੋਰ ਗਤੀਵਿਧੀਆਂ ਬਾਰੇ ਵੀ ਆਮ ਲੋਕਾਂ ਤੋਂ ਜਾਣਕਾਰੀ ਹਾਸਲ ਕੀਤੀ ਗਈ।

ਸਹਾਇਕ ਕਮਾਂਡੈਂਟ ਮਹਿੰਦਰ ਯਾਦਵ ਨੇ ਦੱਸਿਆ ਕਿ ਫਲੈਗ ਮਾਰਚ ਦਾ ਉਦੇਸ਼ ਇਲਾਕੇ 'ਚ ਸਮਾਜਿਕ ਸਦਭਾਵਨਾ ਨੂੰ ਕਾਇਮ ਰੱਖਣਾ, ਲੋਕਾਂ 'ਚ ਵਰਦੀ ਪ੍ਰਤੀ ਵਿਸ਼ਵਾਸ ਵਧਾਉਣਾ ਅਤੇ ਜਨਤਾ ਨੂੰ ਡਰ ਤੋਂ ਮੁਕਤ ਕਰਨਾ, ਮਹਿਲਾ ਸਸ਼ਕਤੀਕਰਨ ਨੂੰ ਉਤਸਾਹਿਤ ਕਰਨਾ, ਮਨੋਬਲ ਨੂੰ ਹੁਲਾਰਾ ਦੇਣਾ ਹੈ।





ਥਾਣਾ ਲਾਹੌਰੀ ਗੇਟ ਦੇ ਐੱਸ. ਐੱਚ. ਓ. ਜਸਪ੍ਰੀਤ ਸਿੰਘ ਕਾਹਲੋਂ ਫੋਰਸ ਦੀ ਅਗਵਾਈ ਕਰਦੇ, ਦੂਜੇ ਪਾਸੇ ਫਲੈਗ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਥਾਣਾ ਲਾਹੌਰੀ ਗੇਟ ਦੇ ਬਾਹਰ ਤਾਇਨਾਤ ਰੈਪਿਡ ਪੁਲਸ ਫੋਰਸ ਤੇ ਪੁਲਸ ਦੇ ਜਵਾਨ। (ਸੁਖਵਿੰਦਰ)

ਲੋਕਾਂ ਨੂੰ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਿਤ ਕਰਨਾ ਅਤੇ ਇਲਾਕੇ ਦੇ ਨਾਗਰਿਕਾਂ 'ਚ ਜਾਗਰੂਕਤਾ ਪੈਦਾ ਕਰਨ ਦੀ ਇਸ ਕਵਾਇਦ ਦੌਰਾਨ 194 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਦੇ ਇੰਸਪੈਕਟਰ ਰਣਸਿੰਘ ਯਾਦਵ, ਥਾਣਾ ਲਾਹੌਰੀ ਗੇਟ ਅਤੇ ਸਿਵਲ ਲਾਈਨ ਥਾਣਾ ਇੰਚਾਰਜਾਂ ਸਮੇਤ ਇੰਸਪੈਕਟਰ ਯੋਗੇਂਦਰ ਬਸੀਠਾ, 194 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਦੇ ਕਰਮਚਾਰੀ ਅਤੇ ਪੁਲਸ ਮੁਲਾਜ਼ਮ ਹਾਜ਼ਰ ਸਨ।

सी0आर0पी0एफ0 सदा अजेय, भारत माता की जय।